Education and Resources
for Improving Childhood Continence

LOTTERY FUNDED

ਕੀ ਤੁਹਾਨੂੰ ਪਤਾ ਸੀ ਕਿ **ਬਿਸਤਰਾ ਗਿੱਲਾ ਕਰਨ, ਦਿਨ ਵੇਲੇ ਇੱਧਰ-ਉੱਧਰ ਪਿਸ਼ਾਬ ਕਰਨ, ਕਬਜ਼ ਹੋਣ ਜਾਂ ਟੱਟੀ-ਪਿਸ਼ਾਬ ਨਾਲ ਕੱਪੜੇ ਗੰਦੇ** ਕਰਨ ਦੀਆਂ ਸਮੱਸਿਆਵਾਂ ਵਾਲੇ ਬੱਚਿਆਂ ਲਈ ਇੱਥੇ ਸਹਾਇਤਾ ਉਪਲਬੱਧ ਹੈ? ਐਰਿਕ ਇਕ ਅਜਿਹੀ ਰਾਸ਼ਟਰੀ ਪੱਧਰ ਦੀ ਖ਼ਰਾਇਤੀ ਸੰਸਥਾ (ਚੈਰਟੀ) ਹੈ, ਜਿਹੜੀ ਨੌਜਵਾਨਾਂ, ਮਾਪਿਆਂ/ਦੇਖ-ਭਾਲ ਕਰਨ ਵਾਲਿਆਂ ਅਤੇ ਪੇਸ਼ਾਵਾਰਾਨਾ ਵਿਅਕਤੀਆਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ। ਸਾਡਾ ਵਿਸ਼ਵਾਸ ਹੈ ਕਿ ਯੂ.ਕੇ. ਵਿੱਚ 12 ਬੱਚਿਆਂ ’ਚੋਂ 1 ਬੱਚਾ ਇਸ ਸਮੱਸਿਆ ਦਾ ਸ਼ਿਕਾਰ ਹੈ ਅਤੇ ਸਾਨੂੰ ਇਹ ਵੀ ਪਤਾ ਹੈ ਕਿ ਇਸ ਸਮੱਸਿਆ ਨੂੰ ਹੱਲ ਕਰਨ ਲਈ ਆਮ ਤੌਰ ਤੇ ਕੁਝ ਨਾ ਕੁਝ ਜ਼ਰੂਰ ਕੀਤਾ ਜਾ ਸਕਦਾ ਹੈ।



- (ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤੱਕ, ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ ਦੇ 4.00 ਵਜੇ ਤੱਕ) ਐਰਿਕ ਦੀ “ਸਸਤੀ” ਹੈਲਪਲਾਈਨ ਸੇਵਾ ਨੂੰ 0845 370 8008 ਤੇ ਟੈਲੀਫ਼ੋਨ ਕਰੋ। ਅਮਲੀ ਜਾਣਕਾਰੀ ਦੇਣ ਤੋਂ ਇਲਾਵਾ, ਇਹ ਹੈਲਪਲਾਈਨ ਮਾਪਿਆਂ ਦਾ ਸੰਪਰਕ, ਉਹਨਾਂ ਦੀ ਸਥਾਨਿਕ ਬੱਚਿਆਂ ਨੂੰ ਟੱਟੀ-ਪਿਸ਼ਾਬ ਤੇ ਕੰਟਰੋਲ ਕਰਨਾ ਸਿਖਾਉਣ ਵਾਲੀ ਸੇਵਾ ਨਾਲ ਕਰਵਾ ਸਕਦੀ ਹੈ।



- ਸਾਡੇ ਇਹਨਾਂ ਵੈਬਸਾਈਟਾਂ ਤੇ ਜਾਓ : www.eric.org.uk (ਆਮ) ਅਤੇ www.trusteric.org (ਨੌਜਵਾਨਾਂ ਲਈ)



- ਸਾਡੇ ਵੈਬਸਾਈਟ www.ericshop.org.uk ਤੋਂ ਕਈ ਪ੍ਰਕਾਰ ਦੀਆਂ ਚੀਜ਼ਾਂ ਖ਼ਰੀਦੋ, ਜਿਹਨਾਂ ਵਿੱਚ ਕਿਤਾਬਾਂ, ਪਰਚੇ, ਬੱਚੇ ਦੇ ਬਿਸਤਰਾ ਗਿੱਲਾ ਕਰਨ ਤੇ ਵਜਣ ਵਾਲਾ ਅਲਾਰਮ ਅਤੇ ਬਿਸਤਰੇ ਨੂੰ ਗਿੱਲਾ ਹੋਣ ਤੋਂ ਬਚਾਉਣ ਵਾਲੀਆਂ ਚਜ਼ਿਾਂ ਆਦਿ ਜਾਂ ਸਾਡੀ ਵੱਖ ਵੱਖ ਚੀਜ਼ਾਂ ਵਾਲੀ ਕੈਟਲੌਗ ਮੰਗਵਾਉਣ ਲਈ 0117 301 2101 ਤੇ ਟੈਲੀਫ਼ੋਨ ਕਰੋ।



- ਲੋਕਾਂ ਲਈ ਪੀਣ ਵਾਲੇ ਪਾਣੀ ਅਤੇ ਟੌਇਲੈਟ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨ ਵਾਲੀਆਂ ਐਰਿਕ ਦੀਆਂ ਮੁਹਿੰਮਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ। ਸਾਡੇ ਇਹਨਾਂ ਵੈਬਸਾਈਟਾਂ ਤੇ ਜਾਓ : www.wateriscoolinschool.org.uk (ਪੀਣ ਵਾਲਾ ਪਾਣੀ ) ਅਤੇ www.bog-standard.org (ਟੌਇਲੈਟਸ)।



Copyright Microsoft Office

- ਦੱਖਣੀ ਵੇਲਜ਼ ਅਤੇ ਦੱਖਣੀ-ਪੱਛਮੀ ਇੰਗਲੈਂਡ ਵਿੱਚ, ਪਰਿਵਾਰਾਂ ਨਾਲ ਕੀਤੇ ਗਏ ਸਾਡੇ ਕੰਮ ਬਾਰੇ ਜਾਣਕਾਰੀ ਪ੍ਰਾਪਤ ਕਰੋ। ਅਸੀਂ ਇਹ ਪਤਾ ਕਰਨਾ ਚਾਹੁੰਦੇ ਹਾਂ ਕਿ ਟੱਟੀ-ਪਿਸ਼ਾਬ ਤੇ ਕੰਟਰੋਲ ਕਰਨ ਸੰਬੰਧੀ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਨਾਲ ਸਮਝਣ ਲਈ ਅਤੇ ਉਹਨਾਂ ਤੇ ਚੰਗੇ ਤਰੀਕੇ ਨਾਲ ਕੰਟਰੋਲ ਕਰਨ ਲਈ, ਪਰਿਵਾਰਾਂ ਨੂੰ ਕਿਸ ਪ੍ਰਕਾਰ ਦੀ ਜਾਣਕਾਰੀ, ਸਹਾਇਤਾ ਅਤੇ ਸਾਧਨਾਂ ਦੀ ਲੋੜ ਹੈ। ਅਸੀਂ ਸਮੁੱਚੇ ਭਾਈਚਾਰੇ ’ਚੋਂ ਪਰਿਵਾਰਾਂ ਦੇ ਵਿਚਾਰ ਸੁਣਨ ਦੇ ਇੱਛੁਕ ਹਾਂ। ਜਿਹੜਾ ਵੀ ਵਿਅਕਤੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਦਿਲਚਸਪੀ ਰੱਖਦਾ ਹੈ, ਉਸ ਨੂੰ ਸਟੀਵ ਕਰੰਪ, ਐਰਿਕ ਪ੍ਰੋਜੈਕਟ ਡਿਵੈਲਪਮੈਂਟ ਵਰਕਰ ਨਾਲ (ਸੋਮਵਾਰ ਤੋਂ ਲੈ ਕੇ ਬੁੱਧਵਾਰ ਤੱਕ) 0117 301 2101 ਤੇ ਜਾਂ ਇਸ ਈਮੇਲ ਰਾਹੀਂ ਸੰਪਰਕ ਕਰਨਾ ਚਾਹੀਦਾ ਹੈ :stephen@eric.org.ukwww.eric.org.uk

ਐਰਿਕ ਬਾਰੇ ਵਧੇਰੇ ਜਾਣਕਾਰੀ ਇਸ ਵੈਬਸਾਈਟ www.eric.org.uk ਤੇ ਉਪਲਬੱਧ ਹੈ। ਸਾਡੀ ਜ਼ਿਆਦਾਤਰ ਜਾਣਕਾਰੀ ਸਿਰਫ਼ ਅੰਗਰੇਜ਼ੀ ਵਿੱਚ ਹੀ ਉਪਲਬੱਧ ਹੈ, ਪਰ ਸਾਡਾ “ਬੈੱਡਵੈਟਿੰਗ” ਨਾਂ ਦਾ ਕਿਤਾਬਚਾ (ਮਾਪਿਆਂ ਲਈ ਜਾਣਕਾਰੀ) ਬੰਗਾਲੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਉਪਲਬੱਧ ਹੈ।

ERIC, 34 Old School House, Britannia Road, Kingswood, Bristol BS15 8DB
Registered charity no. 1002424
February 2007